**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

---

ਵੱਲ :

**ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ, ਪੰਜਾਬ**

ਮੀਮੋ ਨੰ: 15/36-2016 ਈਸਾਪ (1)/172
ਮਿਤੀ : ਚੰਡੀਗੜ੍ਹ 11 ਅਪ੍ਰੈਲ, 2018

**ਵਿਸ਼ਾ :** **ਛੁੱਟੀਆਂ ਆਨਲਾਈਨ ਅਪਲਾਈ ਕਰਨ ਸਬੰਧੀ।**

1.0 ਸਕੂਲ ਅਧਿਆਪਕਾਂ ਵਲੋਂ ਛੁੱਟੀਆਂ ਅਪਲਾਈ ਕਰਨ ਲਈ ਅਰਜੀਆਂ ਸਕੂਲ ਮੁਖੀਆਂ, ਜਿਲ੍ਹਾ ਸਿੱਖਿਆ ਅਫਸਰ ਅਤੇ ਮੁੱਖ ਦਫਤਰ ਵਿੱਖੇ ਦਿੱਤੀਆਂ ਜਾਂਦੀਆਂ ਸਨ। ਇਸ ਪ੍ਰਕ੍ਰਿਆ ਵਿਚ ਸਕੂਲ ਅਧਿਆਪਕਾਂ ਦਾ ਕਾਫੀ ਸਮਾਂ ਬਰਬਾਦ ਹੁੰਦਾ ਸੀ ਅਤੇ ਇਸ ਕਾਗਜੀ ਕਾਰਵਾਈ ਵਿਚ ਕਾਫੀ ਸਮਾਂ ਲੱਗ ਜਾਂਦਾ ਸੀ। ਅਧਿਆਪਕਾਂ ਦੀਆਂ ਅਜਿਹੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਸਿੱਖਿਆ ਵਿਭਾਗ, ਪੰਜਾਬ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਛੁੱਟੀਆਂ ਅਪਲਾਈ ਕਰਨ ਲਈ ਇੱਕ ਨਵਾਂ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਇਸ ਸਾਫਟਵੇਅਰ ਦੀ ਮਦਦ ਨਾਲ ਹੁਣ ਅਧਿਆਪਕ Ex-India Leave, Without Pay Leave, Half Pay Leave, Child Care Leave ਅਤੇ Maternity Leave ਆਨਲਾਈਨ ਈਪੰਜਾਬਸਕੂਲ ਪੋਰਟਲ ਉੱਤੇ ਆਪਣੇ ਨਿਜੀ ਅਕਾਉਂਟ ਵਿਚੋਂ ਅਪਲਾਈ ਕਰ ਸਕਣਗੇ।

2.0 ਉਪਰੋਕਤ ਛੁੱਟੀਆਂ ਨੂੰ ਅਪਲਾਈ ਕਰਨ ਵਿਚ ਜੇਕਰ ਕਿਸੇ ਕਿਸਮ ਦੀ ਮੁਸ਼ਿਕਲ ਪੇਸ਼ ਆਉਂਦੀ ਹੈ ਤਾਂ ਅਧਿਆਪਕ ਆਪਣੇ ਜਿਲ੍ਹੇ ਦੇ ਸਬੰਧਤ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕਰ ਸਕਦੇ ਹਨ ਜਿਨ੍ਹਾਂ ਦੇ ਮੋਬਾਇਲ ਨੰਬਰ ਈਪੰਜਾਬਸਕੂਲ ਪੋਰਟਲ ਉੱਤੇ ਉਪਲਬਧ ਹਨ।

3.0 ਇਸ ਸਬੰਧੀ ਸਮੂਹ ਡੀ.ਡੀ.ਓਜ., ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਸਿਸਟਮ ਨੂੰ ਆਪਣੇ ਸਕੂਲ ਜਾਂ ਦਫਤਰ ਦੇ ਈਪੰਜਾਬਸਕੂਲ ਪੋਰਟਲ ਦੇ ਲਾਗਇਨ ਵਿਚ ਜਾ ਕੇ ਚੰਗੀ ਤਰ੍ਹਾਂ ਸਮਝ ਲੈਣ ਅਤੇ ਅਧਿਆਪਕਾਂ ਵਲੋਂ ਅਪਲਾਈ ਕੀਤੀਆਂ ਜਾਂਦੀਆਂ ਛੁੱਟੀਆਂ ਉੱਤੇ ਰੋਜਾਨਾ ਕਾਰਵਾਈ ਕਰਨ ਅਤੇ ਇਹ ਯਕੀਨੀ ਬਨਾਉਣ ਕਿ ਕਿਸੇ ਵੀ ਪੱਧਰ ਉਤੇ ਕੋਈ ਵੀ ਅਰਜੀ ਲੰਬਿਤ ਨਾ ਰਹੇ।

4.0 ਛੁੱਟੀਆਂ ਦੀ ਪ੍ਰਵਾਨਗੀ ਦੇ ਪੱਧਰ ਸਬੰਧੀ ਜਾਣਕਾਰੀ ਨਾਲ ਨੱਥੀ ਹੈ।

**ਸਕੱਤਰ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :-**

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
2) ਡੀ.ਪੀ.ਆਈ. (ਸੈ.ਸਿ.), ਪੰਜਾਬ
3) ਡੀ.ਪੀ.ਆਈ. (ਐ.ਸਿ.), ਪੰਜਾਬ
4) ਸੁਪਰਡੰਟ, ਸਿੱਖਿਆ -6 ਸ਼ਾਖਾ

**ਸਕੱਤਰ ਸਕੂਲ ਸਿੱਖਿਆ, ਪੰਜਾਬ**

# Type of Leaves and Approving Authorities

| Type of Leave | Period | Approving Authority |
|---|---|---|
| Ex-India Leave | Upto 15 days | D.D.O. |
| | Upto 30 days | Concerned District Education Officer |
| | Upto 45 days | D.P.I. |
| | Upto 60 days | Secretary School Education |
| | Upto 90 days | Hon'ble Education Minister |
| | More than 3 months | Hon'ble Chief Minister |
| Child Care Leave | Upto 15 days | D.D.O. |
| | Upto 30 days | Concerned District Education Officer |
| | Upto 45 days | D.P.I. |
| | Upto 60 days | Secretary School Education |
| | Upto 90 days | Hon'ble Education Minister |
| | More than 3 months | Hon'ble Chief Minister |
| Maternity Leave | Upto 6 months | D.D.O. |
| Half Pay Leave & Without Pay Leave | Group A Employees | District Education Officer |
| | Group B, C & D | Concerned D.D.Os |